ਇਹ ਕਿ ਬਾਇਆ ਨੇ ਉਪਰੋਕਤ ਜਾਇਦਾਦ ਦਾ ਵਾਕਿਆਤੀ, ਅਤੇ ਖਾਲੀ ਕਬਜਾ ਖਰੀਦਦਾਰ ਨੂੰ ਦੇ ਦਿੱਤਾ ਹੈ ਅਤੇ ਖਰੀਦਦਾਰ ਨੇ ਕਬਜਾ ਲੈ ਲਿੱਤਾ ਹੈ ਅਤੇ ਉਹ ਇਸ ਦੇ ਕਬਜੇ ਵਿਚ ਹੈ।

3. That in consequences of the aforesaid consideration, the said property is hereby conveyed to the Purchaser and the Purchaser shall hereinafter hold, possess, use, utilize the said Property hereby conveyed as absolute owner thereof at all time and from time to time without any interruption by the Seller or any other person claiming through or under the Seller.

ਇਹ ਕਿ ਉਪਰੋਕਤ ਪ੍ਰਤੀਬਦਲ ਦੇ ਇਵਜ ਵਿਚ ਉਪਰੋਕਤ ਜਾਇਦਾਦ ਨੂੰ ਇੱਥੇ ਖਰੀਦਦਾਰ ਪਾਸ ਬੈ ਕੀਤਾ ਜਾਂਦਾ ਹੈ ਅਤੇ ਖਰੀਦਦਾਰ ਇਸ ਜਾਇਦਾਦ ਨੂੰ ਆਪਣੇ ਪਾਸ ਰੱਖੇਗਾ, ਇਸਦਾ ਕਬਜਾ ਰੱਖੇਗਾ ਅਤੇ ਇਸ ਨੂੰ ਇਸਤੇਮਾਲ ਅਤੇ ਵਰਤੋਂ ਵਿਚ ਲਿਆਵੇਗਾ। ਜਿਹੜੀ ਕਿ ਇੱਥੇ ਦਿੱਤੀ ਗਈ ਹੈ ਅਤੇ ਅਜਿਹਾ ਉਹ ਬਤੌਰ ਪੂਰਨ ਮਾਲਕ ਸਾਰੇ ਸਮਿਆਂ ਲਈ ਕਰੇਗਾ ਅਤੇ ਸਮੇਂ-ਸਮੇਂ ਲਈ ਇਸ ਦਾ ਇਸਤੇ ਮਾਲ ਕਰੇਗਾ, ਜਿਹੜਾ ਕਿ ਬਾਇਆ ਜਾਂ ਕਿਸੇ ਹੋਰ ਵਿਅਕਤੀ ਜਿਹੜਾ ਕਿ ਬਾਇਆ ਦੇ ਵੱਲੋ ਜਾਂ ਅਧੀਨ ਕਲੇਮ ਕਰਦਾ ਹੋਵੇ ਦੀ ਬਿਨ੍ਹਾਂ ਕਿਸੇ ਰੋਕ ਟੋਕ ਤੋਂ ਕਰੇਗਾ।

4. That the Seller hereby undertakes and agree to get the above Said Property mutated in the name of Purchaser in all relevant revenue records and/or in any other records of any authority concerned and the Seller shall sign any or all documents required in this behalf and or the Purchaser get mutation at his own level on the basis of this sale deed even in the absence of the Seller.

ਇਹ ਕਿ ਬਾਇਆ ਇੱਥੇ ਜਿੰਮੇਵਾਰੀ ਲੈਂਦਾ ਹੈ ਅਤੇ ਇਹ ਇਕਰਾਰ ਕਰਦਾ ਹੈ ਕਿ ਉਹ ਇਸ ਜਾਇਦਾਦ ਨੂੰ ਖਰੀਦਦਾਰ ਦੇ ਨਾਮ ਸਾਰੇ ਜਰੂਰੀ ਮਾਲ ਦੇ ਰਿਕਾਰਡਾ ਵਿਚ ਅਤੇ/ਜਾ ਕਿਸੇ ਹੋਰ ਰਿਕਾਰਡ ਜੋ ਕਿ ਕਿਸੇ ਵੀ ਅਦਾਰੇ ਨਾਲ ਸਬੰਧਤ ਹੋਣ ਵਿਚ ਇਸ ਦਾ ਇੰਤਕਾਲ ਕਰਵਾ ਦੇਵੇਗਾ। ਅਤੇ ਬਾਇਆ ਕਿਸੇ ਜਾਂ ਸਾਰੇ ਦਸਤਾਵੇਜਾ ਤੇ ਜਿਹੜੇ ਇਸ ਸਦੰਰਭ ਵਿਚ ਲੋੜੀਂਦੇ ਹੋਣਗੇ ਉਪਰ ਦਸਤਖਤ ਕਰੇਗਾ ਅਤੇ/ਜਾਂ ਖਰੀਦਦਾਰ ਆਪਣੇ ਲੈਵਲ ਤੇ ਇਸ ਬੈ ਨਾਮੇ ਦੇ ਅਧਾਰ ਤੇ ਬਿਨਾ ਬਾਇਆ ਦੀ ਹਾਜਰੀ ਦੇ ਵੀ ਆਪਣੇ ਨਾਮ ਇੰਤਕਾਲ ਕਰਵਾ ਸਕਦਾ ਹੈ।

5 That the Said property sold hereby is free from all sort of encumbrances such as sale, mortgage, litigation, disputes, attachment, acquirement, charges, claims etc. and the Seller has subsisting right to sell, transfer and convey the same any or all manners.

ਇਹ ਕਿ ਜਿਹੜੀ ਜਾਇਦਾਦ ਇੱਥੇ ਵੇਚੀ ਗਈ ਹੈ ਉਹ ਸਾਰੇ ਭਾਰਾਂ ਵਿਜੇਂ ਕਿ ਬੈ, ਰਹਿਣ, ਮੁਕੱਦਮੇ ਬਾਜੀ, ਝਗੜਿਆਂ, ਕੁਰਕੀ, ਅਧਿਗ੍ਰਹਿਣ, ਚਾਰਜਾਂ, ਕਲੇਮਾਂ ਤੋਂ ਮੁਕਤ ਹੈ ਅਤੇ ਬਾਇਆ ਨੂੰ ਇਸ ਜਾਇਦਾਦ ਨੂੰ ਕਿਸੇ ਜਾਂ ਸਾਰੀਆਂ ਹਾਲਤਾਂ ਵਿਚ ਬੈ ਕਰਨ, ਹਸਤਾਂਤਰ ਕਰਨ ਅਤੇ ਦੇਣ ਦਾ ਹੱਕ ਚਲਦਾ ਪਿਆ ਹੈ।

6. That the Seller hereby undertake to indemnify the Purchaser in case any defect in the title of the Seller is found of the above Said property.

ਇਹ ਕਿ ਬਾਇਆ ਇੱਥੇ ਜਿੰਮੇਵਾਰੀ ਲੈਂਦਾ ਹੈ ਕਿ ਉਹ ਖਰੀਦਦਾਰ ਦੀ ਹਾਨੀਪੂਰਤੀ ਕਰੇਗਾ ਜੇਕਰ ਕੋਈ ਨੁਕਸ ਬਾਬਤ ਅਧਿਕਾਰ ਪੱਤਰ ਬਾਇਆ ਇਸ ਜਾਇਦਾਦ ਵਿਚ ਪਾਇਆ ਜਾਂਦਾ ਹੈ।

7. That the Purchaser has right to use in common any or all easement rights, common path, common Stairs, Common Passage, Lift, Common Sewerage, drainage, and all existing fitting, fixtures, air, light, water, Roads, Common entry and exit, common Lawns, etc. of the entire building.

ਇਹ ਕਿ ਖਰੀਦਦਾਰ ਨੂੰ ਸਾਂਝੇ ਤੌਰ ਤੇ ਕਿਸੇ ਜਾਂ ਸਾਰੇ ਲੰਬੇ ਸਮੇਂ ਦੇ ਹੱਕਾਂ, ਸਾਂਝਾ ਰਸਤਾ, ਸਾਂਝੀਆ ਪੌੜੀਆ, ਸਾਝਾਂ ਰਾਹ, ਲਿਫਟ, ਸਾਂਝੀ ਸਿਵਰੇਜ, ਨਾਲੀਆ, ਰਾਹੀਂ ਪਾਣੀ ਦੇ ਨਿਕਾਸੀ, ਪਾਰਕ ਅਤੇ ਹੋਰ ਮੌਜੂਦਾ ਫਿਟਿੰਗ ਜੜੌਤਾ, ਹਵਾ, ਲਈਟ, ਪਾਣੀ, ਸਾਂਝੀ ਐਂਟਰੀ ਅਤੇ ਐਗਜਿਟ, ਆਦਿ ਸਾਰੀ ਬਿਲਡਿੰਗ ਨੂੰ ਇਸਤੇਮਾਲ ਕਰਨ ਦਾ ਹੱਕ ਹੈ।

8. That the Seller is liable to pay all taxes and charges of the Said Property upto the date of Registration of the Sale Deed and thereafter all such taxes and charges shall be paid and borne by the purchaser.

ਇਹ ਕਿ ਬਾਇਆ ਇਸ ਜਾਇਦਾਦ ਦੇ ਸਾਰੇ ਟੈਕਸ ਅਤੇ ਚਾਰਜ ਬੈ ਨਾਮੇ ਦੀ ਮਿਤੀ ਤੱਕ ਅਦਾ ਕਰਨ ਦਾ ਜਿੰਮੇਵਾਰ ਹੈ ਅਤੇ ਇਸ ਤੋਂ ਬਾਅਦ ਸਾਰੇ ਅਜਿਹੇ ਟੈਕਸ ਚਾਰਜ ਖਰੀਦਦਾਰ ਵੱਲੋ ਦਿੱਤੇ ਅਤੇ ਵਹਿਣ ਕੀਤੇ ਜਾਣਗੇ।

9. That the Purchaser has borne all expenses of Stamp Duty, Registration Fee and legal charges in respect of this Sale Deed.

ਇਹ ਕਿ ਖਰੀਦਦਾਰ ਨੇ ਅਸਟਾਮ, ਰਜਿਸਟਰੇਸ਼ਨ ਫੀਸ ਅਤੇ ਕਾਨੂੰਨੀ ਖਰਚੇ ਬਾਬਤ ਇਸ ਬੈ ਨਾਮੇ ਦੇ ਸਾਰੇ ਦੇ ਸਾਰੇ, ਆਪ ਹੀ ਦਿੱਤੇ ਹਨ।

10. That the Purchaser shall have to bear, pertaining to all Govt. Taxes and/or Development, Social, Legal & other charges, Service Tax, etc, if applicable as per rates prevailing at that time in proportion to his share of land as per laws of the land.

ਇਹ ਕਿ ਖਰੀਦਦਾਰ ਨੇ ਹੋਰ ਸਰਕਾਰੀ ਖਰਚੇ ਅਤੇ/ਜਾਂ ਡਿਵੈਲਪਮੈਂਟ, ਸਮਾਜਿਕ, ਕਾਨੂੰਨੀ ਅਤੇ ਹੋਰ ਚਾਰਜਿਸ, ਸਰਵਿਸ ਟੈਕਸ ਵਗੈਰਾ ਜੋ ਕਿ ਸਮੇਂ ਤੇ ਕੀਮਤ ਅਨੁਸਾਰ ਅਨੁਪਾਤਕ ਜਮੀਨ ਦੇ ਨਿਯਮਾਂ ਅਨੁਸਾਰ ਆਪ ਹੀ ਦੇਵੇਗਾ।

11 That the Purchaser has right to use, utilize, hold, sell and transfer the Said Property in any or all manners and the Purchaser has right to make repair in the Said Property hereby sold along with the services attached with the said property.

ਇਹ ਕਿ ਖਰੀਦਦਾਰ ਨੂੰ ਇਸ ਜਾਇਦਾਦ ਨੂੰ ਕਿਸੇ ਜਾਂ ਸਾਰਿਆਂ ਤਰੀਕਿਆ ਨਾਲ ਇਸਤੇਮਾਲ ਕਰਨ ਵਰਤੋਂ ਵਿਚ ਲਿਆਉਣ ਕਬਜਾ ਰੱਖਣ, ਬੈ ਅਤੇ ਹਸਤਾਂਤਰ ਕਰਨ ਦਾ ਹੱਕ ਹਾਸਿਲ ਹੋ ਗਿਆ ਹੈ ਅਤੇ ਖਰੀਦਦਾਰ ਨੂੰ ਇਸ ਜਾਇਦਾਦ ਵਿਚ ਰਿਪੇਅਰ ਕਰਾਉਣ ਦਾ ਹੱਕ ਹਾਸਲ ਹੈ, ਜਿਹੜੀ ਕਿ ਨਾਲ ਲੱਗਿਆ ਸਹੂਲਤਾਂ ਸਮੇਤ ਵੇਚੀ ਗਈ ਹੈ।

12 That the Property hereby sold is on PUNJAB APARTMENT BASIS and as such provisions embodied in PUNJAB Apartment Act shall apply to the Purchaser as well as to other persons (s) who may Purchase other portion(s) of the said building

ਇਹ ਕਿ ਜਾਇਦਾਦ ਪੰਜਾਬ ਅਪਾਰਟਮੈਂਟ ਦੇ ਅਧਾਰ ਤੇ ਵੇਚੀ ਗਈ ਹੈ ਇਸ ਕਰਕੇ ਜਿਹੜੇ ਪ੍ਰਾਵਦਾਨ ਪੰਜਾਬ ਅਪਾਰਟਮੈਂਟ ਐਕਟ ਵਿਚ ਸ਼ਾਮਲ ਹਨ, ਉਹ ਖਰੀਦਦਾਰ ਅਤੇ ਹੋਰ ਵਿਅਕਤੀਆ ਜੋ ਇਸ ਬਿਲਡਿੰਗ ਦੇ ਕਿਸੇ ਹੋਰ ਹਿੱਸੇ ਨੂੰ ਖਰੀਦਣਗੇ ਤੇ ਵੀ ਲਾਗੂ ਹੋਣਗੇ।

13 That the Purchaser will get the electricity and water connection in his/her own name from the Department/Authority concerned and the Seller will provied all relevant doucments for the purpose.

ਇਹ ਕਿ ਖਰੀਦਦਾਰ ਆਪਣੇ ਨਾਮ ਤੇ ਬਿਜਲੀ ਅਤੇ ਪਾਣੀ ਦਾ ਕੁਨੇਕਸ਼ਨ ਸਬੰਧਤ ਵਿਭਾਗਾ/ਅਦਾਰਿਆ ਤੋਂ ਪ੍ਰਾਪਤ ਕਰੇਗਾ ਅਤੇ ਬਾਇਆ ਇਸ ਸਬੰਧ ਵਿਚ ਸਾਰੇ ਜਰੂਰੀ ਦਸਤਾਵੇਜਾਤ ਮੁਹੱਇਆ ਕਰਾਵੇਗਾ।

14 That the Purchaser has no right to make any kind of addition alternation inside the said property hereby sold, any causing any damage to the basic structure of the building.

ਇਹ ਕਿ ਖਰੀਦਦਾਰ ਨੂੰ ਕਿਸੇ ਕਿਸਮ ਦੇ ਵਾਧਰੇ, ਤਬਦੀਲੀ ਬਾਬਤ ਅੰਦਰੂਨੀ ਜਾਇਦਾਦ ਜਿਹੜੀ ਕਿ ਵੇਚੀ ਗਈ ਹੈ ਅਤੇ ਬਿਲਡਿੰਗ ਦੀ ਅਧਾਰਭੂਤ ਬਣਤਰ ਨੂੰ ਨੁਕਸਾਨ ਪਹੁੰਚਾਣ ਦਾ ਕੋਈ ਹੱਕ ਹਾਸਲ ਨਹੀਂ ਹੈ।

15 The Purchaser shall not do any illegal activities in the above said Flat/Complex which are against the rules and which may cause damages/loss to the neighbors and the Property of the complex.

ਖਰੀਦਦਾਰ ਉਪਰੋਕਤ ਫਲੈਟ/ਕੰਮਪਲੈਕਸ ਵਿਚ ਕੋਈ ਨਜਾਇਜ ਕੰਮ ਨਹੀਂ ਕਰੇਗਾ ਜਿਹੜੀ ਕਿ ਨਿਯਮਾਂ ਦੇ ਵਿਰੁੱਧ ਹੋਵੇ ਅਤੇ ਜਿਸ ਨਾਲ ਕੰਮਪਲੈਕਸ ਦੀ ਜਾਇਦਾਦ ਅਤੇ ਉਸਦੇ ਗਵਾਢੀਆ ਨੂੰ ਨੁਕਸਾਨ/ ਖਰਾਬਾ ਪੁੱਜਦਾ ਹੋਵੇ।

16. The Purchaser will not make any changes/alteration/hindrances in the common areas or block the common passages/corridors/courtyards & other common Property by keeping house hold or any other material

ਖਰੀਦਦਾਰ ਜਾਇਦਾਦ ਵਿਚ ਕੋਈ ਤਬਦੀਲੀ, ਰੱਦੋਬਦਲ/ਰੁਕਾਵਟ ਬਾਬਤ ਸਾਂਝੇ ਰਕਬੇ ਵਿਚ ਨਹੀਂ ਕਰੇਗਾ, ਜਾਂ ਉਹ ਘਰੇਲੂ ਜਾਂ ਹੋਰ ਕਿਸੇ ਪਦਾਰਥ ਨੂੰ ਸਾਂਝਿਆ ਰਸਤਿਆ/ਕੋਰੀਡੋਰਾਂ ਵੇਹੜਿਆ ਅਤੇ ਸਾਂਝੀਆ ਜਾਇਦਾਦ ਵਿਚ ਰੱਖ ਕੇ ਉਨ੍ਹਾਂ ਨੂੰ ਬੰਦ ਨਹੀਂ ਕਰੇਗਾ।

17 That the Seller will have right on the roads going inside the ________________ and may be used for connecting to neighboring property.

ਇਹ ਕਿ ਬਾਇਆ ਨੂੰ ......................... ਦੀ ਅੰਦਰੂਨੀ ਸੜ੍ਹਕਾਂ ਦਾ ਅਧਿਕਾਰ ਹੋਵੇਗਾ ਅਤੇ ਜੋ ਗੁਆਂਢੀ ਜਾਇਦਾਦ ਨੂੰ ਰਸਤਾ ਦੇਣ ਲਈ ਵਰਤੋਂ ਕੀਤੀ ਜਾ ਸਕਦੀ ਹੈ।